 G.175

ਕਰ ਰਹੀਆਂ ਹਨ, ਅਤੇ ਕੋਈ ਸੋਹਲ ਸਰੀਰ ਵਿਚਾਰੀ ਛਾਵੇਂ ਬੈਠੀ ਗਰਮੀ ਦੇ ਦੁੱਖ ਨਾਲ ਹੌਂਕ ਰਹੀ ਹੈ। ਗੱਲ ਕੀ ਸੁੰਦਰ ਸਿੰਘ ਅਜੇਹੇ ਕਈ ਝਾਕੇ ਦੇਖਦਾ ਜਾ ਰਿਹਾ ਸੀ ਕਿ ਅਚਾਨਕ ਪੈਲੀਆਂ ਬੰਦ ਹੋ ਗਈਆਂ, ਅਤੇ ਪੈਰੋ ਪੈਰ ਸੰਘਣਾ ਜੰਗਲ ਆਉਣ ਲੱਗ ਪਿਆ। ਸੁੰਦਰ ਸਿੰਘ ਨੇ ਆਪਣੇ ਆਦਮੀਆਂ ਨੂੰ ਤਿਆਰ ਰਹਿਣ ਲਈ ਕਿਹਾ ਅਤੇ ਆਪਣੀ ਤਲਵਾਰ ਸੰਭਾਲ ਲਈ, ਅਜੇ ਅੱਧ ਕੁ ਮੀਲ ਹੀ ਗਏ ਸਨ, ਕਿ ਸਾਈਸ ਨੇ ਅਵਾਜ਼ ਦਿੱਤੀ "ਸਰਦਾਰ ਜੀ ! ਸਾਹਮਣੇ ਪਾਸਿਓਂ ਡਾਕੂਆਂ ਦਾ ਇੱਕ ਵੱਡਾ ਜੱਥਾ ਆ ਰਿਹਾ ਹੈ।" ਸੁੰਦਰ ਸਿੰਘ ਨੇ ਸੋਚਿਆ ਕਿ ਜੇਕਰ ਮੈਂ ਏਹਨਾਂ ਨੂੰ ਗੱਡੀ ਮੋੜ ਲੈਣ ਲਈ ਕਹਿੰਦਾ ਹਾਂ ਤਾਂ ਏਹ ਮੈਨੂੰ ਡਰਾਕਲ ਸਮਝਣਗੇ ਅਤੇ ਜੇ ਅੱਗੇ ਵਧਕੇ ਡਾਕੂਆਂ ਨਾਲ ਟਾਕਰਾ ਕਰਨ ਲਈ ਆਖਦਾ ਹਾਂ ਤਾਂ ਸੁਪਤਨੀ ਨਾਲ ਕੀਤਾ ਹੋਯਾ ਇਕਰਾਰ ਝੂਠਾ ਹੁੰਦਾ ਹੈ, ਪਰ ਫੇਰ ਵੀ ਓਸ ਨੇ ਸਾਈਸ ਨੂੰ ਹੌਂਸਲੇ ਨਾਲ ਆਖਿਆ ਕਿ "ਕੋਈ ਡਰ ਨਹੀਂ, ਤੁਰੇ ਚੱਲੋ, ਦੇਖੀ ਜਾਏਗੀ।" ਦੋ ਕੁ ਪਲ ਫੇਰ ਚੁੱਪ ਰਹੀ, ਜਿਸ ਦੇ ਮਗਰੋਂ ਸਾਈਸ ਦੇ ਕੰਬਦੇ ਬੁੱਲ੍ਹਾਂ ਵਿੱਚੋਂ ਏਹ ਅਵਾਜ਼ ਨਿਕਲੀ "ਸਰਦਾਰ ਜੀ ! ਮੈਨੂੰ ਤਾਂ ਜਿਸ ਤਰ੍ਹਾਂ ਆਗਿਆ ਕਰੋ ਤਿਆਰ ਹਾਂ, ਪਰ ਡਾਕੂ ੩੦, ੪੦ ਮਲੂਮ ਹੁੰਦੇ ਹਨ, ਇੰਨਿਆਂ ਨਾਲ ਕਿਸਤਰ੍ਹਾਂ ਪੂਰਾ ਪਟੇਗਾ ?" ਸੁੰਦਰ ਸਿੰਘ ਨੇ ਸੋਚਿਆ ਕਿ ਹੁਣ ਬਚ ਕੇ ਨਿਕਲ ਜਾਣਾ ਹੀ ਠੀਕ ਹੈ। ਇਸ ਲਈ ਓਸਨੇ ਘੋੜਿਆਂ ਨੂੰ ਖੱਬੇ ਹੱਥ

ਮੋੜਕੇ ਸਿਰਤੋੜ ਛੱਡਣ ਦਾ ਹੁਕਮ ਦਿੱਤਾ, ਸਾਈਸ ਨੂੰ ਆਪਨੀ ਜਾਨ ਦੀ ਵੀ ਪਈ ਹੋਈ ਸੀ, ਓਸਨੇ ਆਪਣੇ ਮਾਲਕ ਦਾ ਏਹ ਹੁਕਮ ਸੁਣ ਕੇ ਘੋੜੇ ਮੋੜੇ ਅਤੇ ਦੋ ਚਾਰ ਚਾਬਕਾਂ ਜ਼ੋਰ ਦੀ ਮਾਰੀਆਂ । ਮੋਟੇ, ਤਾਜ਼ੇ ਅਤੇ ਗੁਸੈਲ ਘੋੜੇ ਚਾਬਕਾਂ ਖਾਂਦਿਆਂ ਹੀ ਉੱਠ ਨੱਠੇ, ਡਾਕੂਆਂ ਨੇ ਵੀ ਵੇਖਿਆ ਕਿ ਸ਼ਿਕਾਰ ਹੱਥੋਂ ਜਾਂਦਾ ਹੈ, ਏਸ ਲਈ ਪਿੱਛਾ ਕੀਤਾ, ਕੱਚੀ ਸੜਕ ਉੱਤੇ ਘੋੜੇ ਬੱਘੀ ਨੂੰ ਕੰਨਾ ਕੁ ਦੂਰ ਸਕਦੇ ਸਨ ? ਏਸਤਰ੍ਹਾਂ ਚਾਰਾ ਨਾ ਚੱਲਦਾ ਦੇਖਕੇ ਸੁੰਦਰ ਸਿੰਘ ਨੰਗੀ ਤਲਵਾਰ ਲੈਕੇ ਬੱਘੀ ਵਿੱਚੋਂ ਉਤਰ ਖਲੋਤਾ ਅਤੇ ਆਪਣੇ ਨੌਕਰਾਂ ਨੂੰ ਆਪੋ ਆਪਣੀ ਜਾਨ ਬਚਾਉਣ ਦਾ ਹੁਕਮ ਦਿੱਤਾ, ਅਤੇ ਨਾਲ ਹੀ ਆਪ ਨੱਠ ਉੱਠਿਆ । ਏਹ ਕੁਝ ਕਰਨ ਦੇ ~~ਨਾਲ~~ ਹੀ ਏਹ ਹਿਕਮਤ ਵੀ ਕੀਤੀ ਕਿ ਸੌ ਪੰਜਾਹ ਰੁਪਏ ਓਥੇ ਖਲੇਰ ਦਿੱਤੇ, ਤਾਂ ਜੁ ਡਾਕੂ ਲੋਕ ਰੁਪੱਯੇ ਨੂੰ ਵੇਖਕੇ ਕੁਝ ਦੇਰ ਲਈ ਅਟਕ ਜਾਣ ।

ਬਾਕੀ ਆਦਮੀਆਂ ਦਾ ਤਾਂ ਕੁਝ ਪਤਾ ਨਹੀਂ, ਪਰ ਜਦ ਸੁੰਦਰ ਸਿੰਘ ਨੱਠਾ ਜਾਂਦਾ ਇਕ ਪਿੰਡ ਦੇ ਲਾਗੇ ਇਕ ਕੁੱਲੀ ਵਿੱਚ ਨਿੰਮ੍ਹਾ ਜਿਹਾ ਦੀਵਾ ਦੇਖਕੇ ਓਸਦੇ ਅੰਦਰ ਵੜਿਆ ਤਾਂ ਓਸਦੇ ਨਾਲ ਇੱਕੋ ਨੌਕਰ ਸੀ । ਏਸ ਕੁੱਲੀ ਦੇ ਦੋ ਕਮਰੇ ਸਨ , ਬਾਹਰ ਦਾ ਕਮਰਾ ਜਿਸਨੂੰ ਵੇਹੜਾ ਕਿਹਾ ਜਾਵੇ ਤਾਂ ਠੀਕ ਹੈ, ਬਿਲਕੁਲ ਹਨੇਰਾ ਸੀ ਅਤੇ ਓਸਦੇ ਅੰਦਰ ਇਕ ਨਿੰਮ੍ਹਾ ਜਿਹਾ ਦੀਵਾ ਜਗ ਰਿਹਾ ਸੀ । ਸੁੰਦਰ ਸਿੰਘ ਅਤੇ ਉਸ ਦਾ ਨੌਕਰ ਪਹਿਲਾਂ

ਦੇਖਣੇ ਸਹਾਰ ਨਾ ਸਕੀ, ਅਤੇ ਗ਼ਮ ਵਿੱਚ ਘੁਲ ਘੁਲ ਕੇ ਛੇਤੀ ਹੀ ਅਗਲੇ ਜਹਾਨ ਨੂੰ ਤੁਰ ਗਈ, ਏਸ ਚੰਦ੍ਰਮਾਂ ਦੇ ਨਾਲ ਤਾਰੇ ਵੀ ਛਿਪ ਗਏ । ਸਾਰੇ ਘਰ ਦਾ ਸਹਾਰਾ ਮਾਂ ਪਿਓ ਤੇ ਭੈਣ ਦੀਆਂ ਅੱਖੀਆਂ ਦਾ ਤਾਰਾ ਇਕ ਜਵਾਨ ਲੜਕਾ ਸੀ, ਓਹ ਵੀ ਪਿਉ ਅਤੇ ਭੈਣ ਦੀਆਂ ਅੱਖਾਂ ਦੇ ਸਾਹਮਣੇ ਮੜ੍ਹੀਆਂ ਵਿੱਚ ਪਹੁੰਚ ਗਿਆ, ਅਤੇ ਬੁੱਢੇ ਪਿਉ ਅਤੇ ਨਿਕਰਮਣ ਭੈਣ ਨੂੰ ਦੁਖ ਸਹਿਣ ਲਈ ਛੱਡ ਗਿਆ । ਏਹ ਦੋਵੇਂ ਅਪਦਾ ਦੇ ਮਾਰੇ ਏਸ ਉਜੜੀ ਹੋਈ ਕੁੱਲੀ ਵਿੱਚ ਰਹਿੰਦੇ ਸਨ, ਸੁਰਸਤੀ ਦੀ ਉਮਰ ਵਿਵਾਹ ਜੋਗ ਹੋ ਗਈ ਸੀ, ਪਰ ਓਹ ਆਪਣੇ ਬਿਰਧ ਪਿਤਾ ਦੇ ਬੁਢੇਪੇ ਦੀ ਲਾਠੀ ਸੀ, ਬੁੱਢੇ ਨੂੰ ਏਸੇ ਦੀ ਜ਼ਿੰਦਗੀ ਨਾਲ ਅੱਖੀਆਂ ਵਿੱਚ ਚਾਨਣ ਮਲੂਮ ਹੁੰਦਾ ਸੀ, ਏਸ ਲਈ ਓਹ ਆਪਣੇ ਜੀਉਂਦੇ ਜੀ ਏਹਦਾ ਵਿਵਾਹ ਨਹੀਂ ਕਰਨਾ ਚਾਹੁੰਦਾ ਸੀ, ਅਤੇ ਜਦ ਕਦੀ ਓਹਦੇ ਦਿਲ ਵਿੱਚ ਸੁਰਸਤੀ ਦੇ ਵਿਆਹ ਦਾ ਖਜਾਲ ਵੀ ਆਉਂਦਾ ਤਾਂ ਓਹ ਏਹ ਕਹਿ ਕੇ ਆਪਣੇ ਮਨ ਨੂੰ ਧੀਰਜ ਦੇ ਛੱਡਦਾ ਕਿ " ਮੇਰੇ ਜੀਉਣ ਦੇ ਥੋੜੇ ਹੀ ਦਿਨ ਬਾਕੀ ਰਹਿ ਗਏ ਹਨ, ਸੋ ਮੈਂ ਜੇ ਸੁਰਸਤੀ ਨੂੰ ਵਿਆਹ ਦੇਵਾਂ ਤਾਂ ਮੇਰਾ ਕੀ ਹਾਲ ਹੋਵੇਗਾ ?"

ਪਰ ਬੇਨਸੀਬ ਬੁੱਢੇ ਦੇ ਦਿਲ ਵਿੱਚ ਏਹ ਕਦੇ ਖਜਾਲ ਨਹੀਂ ਆਯਾ ਸੀ ਕਿ ਜਦ ਮੈਂ ਮਰ ਜਾਵਾਂਗਾ ਤਾਂ ਵਿਚਾਰੀ ਸੁਰਸਤੀ ਦਾ ਕੀ ਹਾਲ ਹੋਵੇਗਾ ? ਹੁਣ ਮੌਤ ਦਾ ਹਲਕਾਰਾ ਉਸਦੇ ਬਿਸਤ੍ਰੇ ਉੱਤੇ ਖੜਾ ਹੈ, ਪਲੇ ਪਲੀ ਵਿੱਚ ਓਹ ਦੁਨੀਆਂ ਨਾਲੋਂ ਵੱਖ ਹੋਣ ਵਾਲਾ ਹੈ ।

ਏਸ ਲਈ 'ਹੁਣ ਸੁਰਸਤੀ ਦਾ ਕੀ ਹਾਲ ਹੋਵੇਗਾ ?' ਏਹ ਖਜਾਲ ਏਸ ਵੇਲੇ ਮਰਨ ਹਾਰੇ ਬੁੱਢੇ ਦੇ ਦਿਮਾਗ ਵਿੱਚ ਚੱਕ੍ਰ ਲਾ ਰਿਹਾ ਹੈ, ਅੱਖਾਂ ਵਿੱਚੋਂ ਹੰਝੂਆਂ ਦੀ ਤਾਰ ਵਗ ਰਹੀ ਹੈ, ਕਦੀ ਅੱਖਾਂ ਖੋਲ੍ਹਦਾ ਹੈ, ਕਦੀ ਫੇਰ ਮੀਟ ਲੈਂਦਾ ਹੈ, ਸਿਰਹਾਣੇ ਵੱਲ ਓਹੋ ਬਦਨੀਬ ਸੁਰਸਤੀ ਜੋ ਏਸ ਵੇਲੇ ਆਪਣੀ ਉਮਰ ਦੇ ਤੇਰ੍ਹਵੇਂ ਵਰ੍ਹੇ ਵਿੱਚ ਹੈ, ਆਪਣੇ ਪਲੋ ਪਲੀ ਵਿੱਚ ਲੰਮੇ ਸਫਰ ਨੂੰ ਤਰ ਜਾਣ ਵਾਲੇ ਪਿਤਾ ਦੇ ਮੂੰਹ ਵੱਲ ਵੇਖ ਰਹੀ ਹੈ, ਉਸ ਨੂੰ ਬਿਲਕੁਲ ਪਤਾ ਨਹੀਂ ਕਿ ਓਹ ਕੱਲ ਕਿੱਥੇ ਜਾਏਗੀ ? ਅਤੇ ਓਸਦਾ ਹੁਣ ਕੀ ਹਾਲ ਹੋਵੇਗਾ ? ਓਹ ਕੇਵਲ ਆਪਣੇ ਪਿਤਾ ਦੇ ਮੂੰਹ ਵੱਲ ਤੱਕ ਰਹੀ ਹੈ। ਏਧਰ ਜ਼ਮਾਂ ਵਿੱਚ ਗਲਤਾਨ ਬੁੱਢੇ ਦੀ ਮੋਹਲਤ ਪੁੱਗ ਗਈ, ਅੱਖਾਂ ਦੀ ਜੋਤ ਜਾਂਦੀ ਰਹੀ, ਦਮ ਬੰਦ ਹੋ ਗਿਆ ਅਤੇ ਦੁੱਖ ਦਰਦ ਪ੍ਰਤੀਤ ਕਰਨ ਵਾਲਾ ਆਤਮਾ ਸਰੀਰ ਦੀ ਕੈਦ ਵਿੱਚੋਂ ਨਿਕਲ ਤੁਰਿਆ। ਵਿਚਾਰੀ ਅਞਾਣ ਸੁਰਸਤੀ ਨੂੰ ਕੀ ਪਤਾ ਕਿ ਕੀਹ ਭਾਣਾ ਵਰਤ ਗਿਆ ਹੈ ? ਓਹ ਓਸੇ ਤਰ੍ਹਾਂ ਟੱਕ ਲਾ ਕੇ ਪਿਤਾ ਦੇ ਚੇਹਰੇ ਵੱਲ ਤੱਕ ਰਹੀ ਹੈ, ਇਕ ਦੋ ਮਿੰਟ ਤਾਂ ਟਿਮ ਟਿਮਾਉਂਦੇ ਦੀਵੇ ਦਾ ਚਾਨਣ ਬੁੱਢੇ ਦੇ ਮੂੰਹ ਉਤੇ ਪੈਂਦਾ ਰਿਹਾ, ਪਰ ਅੰਤ ਓਸਨੇ ਵੀ ਬੁੱਢੇ ਦਾ ਸਾਥ ਕੀਤਾ। ਹੁਣ ਹਨੇਰਾ ਘੁੱਪ ਛਾ ਗਿਆ, ਸੁੰਨਸਾਨ ਜੰਗਲ ਵਿੱਚ ਇਕੱਲੀ ਕੁੜੀ ਆਪਣੇ ਮੁਰਦਾ ਪਿਓ ਦੇ ਸਰਹਾਣੇ ਬੈਠੀ ਹੈ, ਬਾਹਰ ਹਵਾ ਆਪਣੇ ਪੂਰੇ ਜ਼ੋਰਾਂ ਵਿੱਚ ਹੈ ਅਤੇ ਐਉਂ ਮਲੂਮ ਹੁੰਦਾ ਹੈ ਕਿ ਏਹ ਡਾਇਣ ਪਲੋ ਪਲੀ

ਵਿੱਚ ਕੁੱਲੀ ਨੂੰ ਉਡਾ ਕੇ ਕਿਤੇ ਦੀ ਕਿਤੇ ਲੈ ਜਾਏਗੀ। ਸੁੰਦਰ ਸਿੰਘ ਪਾਸੋਂ ਏਹ ਹਿਰਦੇ ਵੇਹਦਕ ਝਾਕਾ ਦੇਖਿਆ ਨਾ ਗਿਆ ਅਤੇ ਓਹ ਹੌਲੀ ਹੌਲੀ ਬਾਹਰ ਨਿਕਲ ਆਇਆ।

ਕਾਂਡ-

ਆਉਣ ਵਾਲੇ ਦੁਖ ਸੁਖ ਆਪਣਾ ਰੰਗ ਢੰਗ ਪਹਿਲਾਂ ਹੀ ਦਿਖਾ ਦੇਂਦੇ ਹਨ। ਰਾਤ ਬਹੁਤ ਬੀਤ ਚੁੱਕੀ ਸੀ, ਅਤੇ ਸੁਰਸਤੀ ਆਪਣੇ ਪਿਤਾ ਦੀ ਲੋਥ ਦੇ ਪਾਸ ਬੈਠੀ ਹੋਈ ਸੀ, ਓਸਨੇ ਪਿਤਾ ਨੂੰ ਜਗਾਯਾ, ਪਰ ਕੋਈ ਉੱਤਰ ਨਾ ਮਿਲਿਆ, ਓਸਨੇ ਸੋਚਿਆ ਕਿ ਏਹ ਡੂੰਘੀ ਨੀਂਦਰੇ ਸੁੱਤਾ ਪਿਆ ਹੈ। ਫੇਰ ਏਸਦੇ ਦਿਲ ਵਿੱਚ ਖਜਾਲ ਆਯਾ ਕਿ ਸ਼ੈਦ ਏਹ ਮਰ ਗਿਆ ਹੈ, ਪਰ ਏਸ ਖਜਾਲ ਨੂੰ ਓਸ ਨੇ ਆਪਣੇ ਮਨ ਵਿੱਚ ਟਿਕਣ ਨਾ ਦਿੱਤਾ, ਅਤੇ ਜਦ ਉਸਦੇ ਪਿਤਾ ਨੇ ਓਸਦੀਆਂ ਕਈ ਅਵਾਜ਼ਾਂ ਦਾ ਉੱਤਰ ਨਾ ਦਿੱਤਾ ਤਾਂ ਓਹ ਵੀ ਉਸਨੂੰ ਬੇਅਰਾਮ ਕਰਨਾ ਪਸਿੰਦ ਨਾ ਕਰਕੇ ਪੱਖੇ ਨੂੰ ਇਕ ਪਾਸੇ ਰੱਖ ਕੇ ਸੌਂ ਗਈ।

ਸੁਰਸਤੀ ਕਈਆਂ ਦਿਨਾਂ ਤੋਂ ਪਿਤਾ ਦੀ ਟਹਿਲ ਸੇਵਾ ਕਰਨ ਦੇ ਕਾਰਨ ਰਾਤ ਨੂੰ ਸੌਂ ਨਹੀਂ ਸਕੀ ਸੀ, ਹੁਣ ਜਦ ਓਸਨੇ ਰਤਾਕੁ ਆਪਣੇ ਸਿਰ ਨੂੰ ਜ਼ਮੀਨ ਨਾਲ ਲਾਯਾ ਤਾਂ ਝੱਟ ਪੱਟ ਨੀਂਦਰ ਨੇ ਆ ਘੇਰਿਆ, ਏਸ ਵੇਲੇ ਸੁੱਤਿਆਂ ਪਿਆਂ ਓਸਨੂੰ ਇਕ ਅਦਭੁਤ

TO READ THE ENTIRE BOOK PLEASE CONTACT US:

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.